# Telephone Conversation between PM and Prime Minister of Bhutan

April 16, 2020

……………………………………………………………………………………………

## ਪ੍ਰਧਾਨ ਮੰਤਰੀ ਅਤੇ ਭੂਟਾਨ ਦੇ ਪ੍ਰਧਾਨ ਮੰਤਰੀ ਵਿਚਾਲੇ ਟੈਲੀਫੋਨ 'ਤੇ ਗੱਲਬਾਤ

16 ਅਪ੍ਰੈਲ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਭੂਟਾਨ ਰਾਜ ਦੇ ਪ੍ਰਧਾਨ ਮੰਤਰੀ (ਲਿਓਨਛੇਨ) ਮਹਾਮਹਿਮ ਡਾ. ਲੋਟੇ ਸ਼ੇਰਿੰਗ ਨਾਲ ਫੋਨ 'ਤੇ ਗੱਲਬਾਤ ਕੀਤੀ।

ਦੋਨਾਂ ਪ੍ਰਧਾਨ ਮੰਤਰੀਆਂ ਨੇ ਕੋਵਿਡ -19 ਮਹਾਂਮਾਰੀ ਦੇ ਪਿਛੋਕੜ 'ਚ ਖੇਤਰੀ ਹਾਲਾਤ ਬਾਰੇ ਗੱਲਬਾਤ ਕੀਤੀ ਅਤੇ ਆਪਣੀਆਂ ਸਰਕਾਰਾਂ ਵੱਲੋਂ ਇਸਦੇ ਪ੍ਰਭਾਵ ਨੂੰ ਕਾਬੂ ਵਿੱਚ ਲਿਆਉਣ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਇਕ ਦੂਜੇ ਨੂੰ ਤਾਜ਼ਾ ਜਾਣਕਾਰੀ ਦਿੱਤੀ।

ਪ੍ਰਧਾਨ ਮੰਤਰੀ ਨੇ ਮਹਾਮਹਿਮ ਭੂਟਾਨ ਦੇ ਰਾਜਾ ਅਤੇ ਲਿਓਨਛੇਨ ਡਾ. ਸ਼ੇਰਿੰਗ ਵੱਲੋਂ ਦੇਸ਼ ਅੰਦਰ ਸੰਕ੍ਰਮਣ ਦੇ ਫੈਲਾਅ ਦੀ ਰੋਕਥਾਮ ਕਰਨ ਵਿੱਚ ਉਨ੍ਹਾਂ ਵੱਲੋਂ ਨਿਭਾਈ ਗਈ ਮੋਢੀ ਭੂਮਿਕਾ ਦੀ ਸ਼ਲਾਘਾ ਕੀਤੀ।

ਲਿਓਨਛੇਨ ਡਾ. ਸ਼ੇਰਿੰਗ ਨੇ ਭਾਰਤ ਵਰਗੇ ਵੱਡੇ ਅਤੇ ਗੁੰਝਲਦਾਰ ਦੇਸ਼ ਅੰਦਰ ਮਹਾਂਮਾਰੀ ਨਾਲ ਨਜਿੱਠਣ ਵਿੱਚ ਰੁੱਝੇ ਰਹਿਣ ਦੇ ਬਾਵਜੂਦ ਖੇਤਰੀ ਪੱਧਰ 'ਤੇ ਕੋਵਿਡ ਖਿਲਾਫ ਤਾਲਮੇਲ ਨੂੰ ਉਤਸ਼ਾਹਤ ਕਰਨ ਵਿੱਚ ਪ੍ਰਧਾਨ ਮੰਤਰੀ ਦੀ ਅਗਵਾਈ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

ਦੋਨਾਂ ਨੇਤਾਵਾਂ ਨੇ ਸਾਰਕ ਦੇਸ਼ਾਂ ਦੇ ਨੇਤਾਵਾਂ ਦਰਮਿਆਨ 15 ਮਾਰਚ ਨੂੰ ਹੋਏ ਵਿਸ਼ੇਸ਼ ਸਹਿਮਤੀਆਂ ਨੂੰ ਲਾਗੂ ਕਰਨ ਵਿਚ ਹੋਈ ਤਰੱਕੀ ’ਤੇ ਖੁਸ਼ੀ ਜ਼ਾਹਰ ਕੀਤੀ।

ਪ੍ਰਧਾਨ ਮੰਤਰੀ ਨੇ ਭਾਰਤ-ਭੂਟਾਨ ਸਬੰਧਾਂ ਦੇ ਸਦੀਵੀ ਅਤੇ ਵਿਸ਼ੇਸ਼ ਸੁਭਾਅ ਦੀ ਗੱਲ ਕੀਤੀ ਅਤੇ ਲਿਓਨਛੇਨ ਨੂੰ ਭਰੋਸਾ ਦਿਵਾਇਆ ਕਿ ਭੂਟਾਨ ਨੂੰ ਇਸ ਮਹਾਂਮਾਰੀ ਦੇ ਸਿਹਤ ਸੰਬੰਧੀ ਅਤੇ ਆਰਥਿਕ ਪ੍ਰਭਾਵਾਂ ਨੂੰ ਘੱਟੋ ਘੱਟ ਕਰਨ ਵਿੱਚ ਭਾਰਤ ਹਰ ਮੁਮਕਿਨ ਮਦਦ ਦੇਵੇਗਾ।

ਪ੍ਰਧਾਨ ਮੰਤਰੀ ਨੇ ਮਹਾਮਹਿਮ ਰਾਜਾ, ਲਿਓਨਛੇਨ ਡਾ. ਸ਼ੇਰਿੰਗ ਅਤੇ ਡਰੁਕਯੂਲ ਦੇ ਸਾਰੇ ਦੋਸਤਾਨਾ ਲੋਕਾਂ ਦੀ ਚੰਗੀ ਸਿਹਤ ਅਤੇ ਖੈਰੀਅਤ ਲਈ ਆਪਣੀਆਂ ਸ਼ੁੱਭ ਕਾਮਨਾਵਾਂ ਪ੍ਰਗਟਾਈਆਂ।

ਨਵੀਂ ਦਿੱਲੀ
16 ਅਪ੍ਰੈਲ, 2020

DISCLAIMER: This is an approximate translation. The original is available in English on MEA’s website and may be referred to as the official press release.